http://www.gnduonline.com

**Exam. Code : 103203**

**Subject Code : 1104**

**B.A./B.Sc. Semester—III**

**PUNJABI ELECTIVE**

Time Allowed—3 Hours] [Maximum Marks—100

**ਨੋਟ** :— ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. (ੳ) ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(I) ਮੂਰਖ ਨੂੰ ਅਸਵਾਰੀ, ਹਾਥੀ ਘੋੜਿਆਂ।
ਪੰਡਿਤ ਪੈਰ ਪਿਆਦੇ, ਪਾਟੇ ਜੋੜਿਆਂ।
ਕਰਦੇ ਸੁਘੜ ਮਜੂਰੀ, ਮੂਰਖ ਦੇ ਜਾਇ ਘਰ।
ਵਜੀਦਾ ਕੌਣ ਸਾਈਂ ਨੋ ਆਖੇ, ਐਉਂ ਨਹੀਂ ਅੰਵ ਕਰ।

(II) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ
ਜੇੜ੍ਹੀਆਂ ਪਾਲਸੇ ਨੇ ਤੇਗਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉਡਣ
ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।



http://www.gnduonline.com

http://www.gnduonline.com

(III) ਹੀਰ ਰਾਂਝਣ ਦੇ ਹੋ ਗਏ ਮੇਲੇ
ਭੁਲੀ ਹੀਰ ਢੂੰਢੇਦੀ ਬੇਲੇ
ਰਾਂਝਣ ਯਾਰ ਬਗਲ ਵਿੱਚ ਖੇਲੇ
ਮੈਨੂੰ ਸੁਧ ਬੁਧ ਰਹੀ ਨਾ ਸਾਰ
ਇਸ਼ਕ ਦੀ ਨਵੀਂਓਂ ਨਵੀਂ ਬਹਾਰ।

(IV) ਅਵਲ ਹਮਦ ਖੁਦਾਇ ਦਾ ਵਿਰਦ ਕੀਚੈ
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ
ਪਹਿਲੇ ਆਪ ਹੀ ਰਬ ਨੇ ਇਸ਼ਕ ਕੀਤਾ
ਮਸ਼ੂਕ ਹੈ ਨਬੀ ਰਸੂਲ ਮੀਆਂ। 10×2=20

(ਅ) ਮੱਧਕਾਲੀ ਪੰਜਾਬੀ ਕਾਵਿ ਸੰਗ੍ਰਹਿ ਵਿੱਚ ਦਰਜ ਬੁਲ੍ਹੇ ਸ਼ਾਹ ਦੀ ਰਚਨਾ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

ਕਾਦਰਯਾਰ ਦੇ ਜੀਵਨ ਅਤੇ ਰਚਨਾ ਸੰਬੰਧੀ ਸੰਖੇਪ ਜਾਣਕਾਰੀ ਦਿਉ। 10

(ੲ) ਹੇਠ ਲਿਖੇ ਪ੍ਰਸ਼ਨਾਂ ਵਿਚੋਂ ਪੰਜ ਦੇ ਉੱਤਰ ਦਿਉ :

(I) ਪੰਜਾਬੀ ਦਾ ਪਹਿਲਾ ਕਿੱਸਾਕਾਰ ਹੈ?

(i) ਦਮੋਦਰ (ii) ਵਾਰਸ
(iii) ਹਾਸ਼ਮ (iv) ਕਾਦਰਯਾਰ

(II) ਵਾਰਸ ਦੀ ਹੀਰ ਕਿਹੜੇ ਛੰਦ ਵਿੱਚ ਲਿਖੀ ਗਈ ਹੈ ?

(i) ਸਿਰਖੰਡੀ (ii) ਨਿਸ਼ਾਨੀ
(iii) ਬੈਂਤ (iv) ਦਵੱਈਆ



http://www.gnduonline.com

http://www.gnduonline.com

(III) ਬੁੱਲ੍ਹੇ ਸ਼ਾਹ ਕਿਸ ਧਾਰਾ ਦਾ ਕਵੀ ਹੈ ?

(i) ਗੁਰਮਤਿ ਕਾਵਿ ਧਾਰਾ

(ii) ਕਿੱਸਾ ਕਾਵਿ ਧਾਰਾ

(iii) ਬੀਰ ਕਾਵਿ ਧਾਰਾ

(iv) ਸੂਫੀ ਕਾਵਿ ਧਾਰਾ

(IV) ਪ੍ਰਿੰਸੀਪਲ ਸੇਖੋਂ ਦੇ ਅਨੁਸਾਰ ਕਾਦਰਯਾਰ ਦੀ ਜਨਮ ਮਿਤੀ ਹੈ :

(i) 1810 ਦੇ ਨਜਦੀਕ (ii) 1805 ਦੇ ਨਜਦੀਕ

(iii) 1808 ਦੇ ਨਜਦੀਕ (iv) 1809 ਦੇ ਨਜਦੀਕ

(V) ਸ਼ਾਹ ਮੁਹੰਮਦ ਦਾ ਜੰਗਨਾਮਾ ਕਿਹੜੇ ਛੰਦ ਵਿੱਚ ਲਿਖਿਆ ਗਿਆ ਹੈ ?

(i) ਬੈਂਤ (ii) ਸਿਰਖੰਡੀ

(iii) ਦਵੱਈਆ (iv) ਨਿਸ਼ਾਨੀ

(VI) ਪੂਰਨ ਭਗਤ ਦੀ ਕਥਾ ਨੂੰ ਆਧਾਰ ਬਣਾ ਕੇ ਕਿਸ ਨੇ ਪੰਜਾਬੀ ਵਿੱਚ ਕਿੱਸਾ ਲਿਖਿਆ ?

(i) ਦਮੋਦਰ (ii) ਵਾਰਸ

(iii) ਸ਼ਾਹ ਮੁਹੰਮਦ (iv) ਕਾਦਰਯਾਰ

(VII) ਮੋਹਨ ਸਿੰਘ ਦੀਵਾਨਾ ਅਨੁਸਾਰ ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਦੀ ਗਿਣਤੀ ਹੈ ?

(i) 168 (ii) 156

(iii) 170 (iv) 175 2×5=10



http://www.gnduonline.com

http://www.gnduonline.com

2. ਬੰਦਨੀ ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

'ਦੁੱਖ ਪ੍ਰਦੇਸਾਂ' ਕਹਾਣੀ ਦੇ ਆਧਾਰ ਤੇ ਪ੍ਰੀਤਮ ਸਿੱਧੂ ਦੀ ਕਹਾਣੀ ਕਲਾ ਤੇ ਨੋਟ ਲਿਖੋ। 20

3. 'ਪੰਜਾਬ ਦੇ ਜੰਮਿਆ ਨੂੰ ਨਿਤ ਮੁਹਿੰਮਾ' ਨਿਬੰਧ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

'ਪੁਤਲੀਆਂ ਦਾ ਤਮਾਸ਼ਾ' ਨਿਬੰਧ ਦਾ ਸਾਰ ਲਿਖੋ। 20

4. ਹੇਠ ਲਿਖੇ ਪ੍ਰਸ਼ਨਾਂ ਵਿਚੋਂ **ਚਾਰ** ਦੇ ਸੰਖੇਪ ਉੱਤਰ ਦਿਉ :

(I) 'ਬਦਖਲ' ਕਹਾਣੀ ਦੇ ਸਿਰਲੇਖ ਬਾਰੇ ਸੰਖੇਪ ਚਰਚਾ ਕਰੋ।

(II) 'ਦੋ ਕਿਨਾਰੇ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

(III) 'ਵਾਪਸੀ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

(IV) ਸਭਿਆਚਾਰ ਦੀ ਪਰਿਭਾਸ਼ਾ ਕਰੋ।

(V) ਸਭਿਆਚਾਰ ਅਤੇ ਸਭਿਅਤਾ ਵਿੱਚ ਅੰਤਰ ਕਰੋ।

(VI) ਲੋਕ ਸਾਹਿਤ ਦੀ ਪਰਿਭਾਸ਼ਾ ਲਿਖੋ। 5×4=20



http://www.gnduonline.com